# ਵਾਹੁ ਵਾਹੁ ਕਾ ਬਡਾ ਤਮਾਸਾ

## ਸਲੋਕੁ ਮਃ ੩ ॥
## ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥
## ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਨੇ ਇਹ ਸਲੋਕ, ਆਪਣੀ, ਗੂਜਰੀ ਕੀ ਵਾਰ ਵਿਚ, ੧੫ਵੀਂ ਪਉੜੀ ਦੇ ਨਾਲ ਉਚਾਰਣ ਕੀਤਾ ਹੈ ਜੋ ਪੰਨਾ ੫੧੪ ਤੇ ਅੰਕਿਤ ਹੈ।

ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਵਾਹਗੁਰੂ ਵਾਹਗੁਰੂ ਵਾਹਗੁਰੂ ਦਾ ਜਾਪ ਜਪਦਿਆਂ ਜੀਵਨ ਦੀ ਰਾਤ ਸੌਖੀ ਬਤੀਤ ਹੋ ਜਾਂਦੀ ਹੈ। ਸ਼ਬਦ 'ਵਾਹੁ', ਵਾਹਗੁਰੂ ਦਾ ਸੰਖੇਪ ਸਰੂਪ ਹੈ।

ਹੇ ਮਾਈ ! ਵਾਹਗੁਰੂ ਵਾਹਗੁਰੂ ਜਪਦਿਆਂ ਸਦਾ ਅਨੰਦ ਦੀ ਅਵੱਸਥਾ ਬਣੀ ਰਹਿੰਦੀ ਹੈ।

This Slok is part of Gujri ki Vaar and is embedded on page 514 of Guru Granth Sahib.

Sri Guru Amardas ji says that by repeating the Name, Wahguru Wahguru, the night (human life span) passes peacefully. The word 'Wah' is short form of 'Wahguru'.

O mother ! By repeating Wahguru, time and again or doing Simran, we attain Blissfullness for ever.

# ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥
# ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥

ਵਾਹਗੁਰੂ ਵਾਹਗੁਰੂ ਕਰਨ ਨਾਲ ਪਰਮਾਤਮਾ ਨਾਲ ਲਿਵ ਜੁੜ ਜਾਂਦੀ ਹੈ।
ਵਡੇ ਭਾਗਾਂ ਨਾਲ ਹੀ ਮਨੁਖ, ਵਾਹਗੁਰੂ ਵਾਹਗੁਰੂ ਦਾ ਜਾਪ, ਭਾਵ
ਸਿਮਰਨ ਕਰ ਸਕਦਾ ਹੈ।
By repetition of Wahguru continously, we are imbued
in the Name of the Lord.
But we can perform this feat (Wahguru Wahguru) with
great good fortune/Grace.

# ਵਾਹੁ ਵਾਹੁ ਕਰਤਿਆ ਸੋਭਾ ਪਾਇ ॥
# ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥

ਵਾਹਗੁਰੂ ਵਾਹਗੁਰੂ ਦਾ ਜਾਪ ਕਰਦਿਆਂ ਪ੍ਰਭੂ ਦੇ ਦਰਬਾਰ ਵਿਚ
ਸੋਭਾ ਪਰਾਪਤ ਹੁੰਦੀ ਹੈ।
ਤੀਜੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਵਾਹਗੁਰੂ
ਦਾ ਸਿਮਰਣ ਪ੍ਰਭੂ ਦੇ ਸਚੇ ਭਾਣੇ ਨਾਲ ਹੀ ਹੁੰਦਾ ਹੈ।
With meditation on the Word Wahguru, we are honoured
in the Lord's Court.

The Third Nanak says that the meditation on the Name of Wahguru can be done only with the True Grace of God.
ਇਸ ਸ਼ਬਦ ਦੇ ਵਿਚ ਵਾਹੁ ਵਾਹੁ ਸ਼ਬਦ ਦਾ ਵਾਰ ਵਾਰ ਦੁਹਰਾਇਆ ਜਾਣਾ, ਇਸ ਗਲ ਦਾ ਸਾਫ਼ ਸੰਕੇਤ ਹੈ ਕਿ ਸਿਮਰਨ, ਵਾਹਗੁਰੂ ਵਾਹਗੁਰੂ ਦੇ ਦੁਹਰਾਉ ਦਾ ਹੀ ਨਾਂ ਹੈ।
In this hymn, the repetition of the word ਵਾਹੁ clearly indicates that the Simran is repetition of the Gurmantra Wahguru.

Last modified: 12:53 am